pstcl
PUNJAB STATE TRANSMISSION CORPORATION LIMITED

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ
(ਰਜਿ.ਦਫ਼ਤਰ: ਪੀ.ਐਸ.ਈ.ਬੀ, ਹੈੱਡ ਆਫਿਸ, ਮਾਲ ਰੋਡ, ਪਟਿਆਲਾ-147001, ਪੰਜਾਬ, ਭਾਰਤ)
ਕਾਰਪੋਰੇਟ ਆਈ.ਡੀ ਨੰ:: U40109PB2010SGC033814
(ਦਫ: ਉੱਪ:ਮੁੱਖ ਇੰਜੀ:/ ਐਚ.ਆਰ.ਅਤੇ ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ.,ਪਟਿਆਲਾ)

ਫੈਕਸ ਨੰ:-2220054 ਫੋਨ ਨੰ:- 2225907 ਈ.ਮੇਲ- se-admin@pstcl.org ਵੈਬਸਾਇਟ :www.pstcl.org

ਵੱਲ

1. ਇੰਜ-ਇੰਨ-ਚੀਫ/ਟੀ.ਐਸ., ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਮੁੱਖ ਇੰਜੀਨੀਅਰ/ਪੀ ਤੇ ਐਮ, ਪੀ.ਐਸ.ਟੀ.ਸੀ.ਐਲ., ਲੁਧਿਆਣਾ।
3. ਮੁੱਖ ਇੰਜੀਨੀਅਰ/ਐਸ.ਐਲ.ਡੀ.ਸੀ, ਪੀ.ਐਸ.ਟੀ.ਸੀ.ਐਲ., ਅਬਲੋਵਾਲ, ਪਟਿਆਲਾ।
4. ਮੁੱਖ ਵਿੱਤ ਅਫਸਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਐਫ.ਏ, ਪੀ.ਐਸ.ਟੀ.ਸੀ.ਐਲ., ਪਟਿਆਲਾ।
6. ਮੁੱਖ ਪੜਤਾਲਕਾਰ, ਪੀ.ਐਸ.ਟੀ.ਸੀ.ਐਲ., ਪਟਿਆਲਾ।
7. ਸਾਰੇ ਉਪ ਮੁੱਖ ਇੰਜੀਨੀਅਰ, ਪੀ.ਐਸ.ਟੀ.ਸੀ.ਐਲ.।
8. ਉਪ ਸਕੱਤਰ/ਲੀਗਲ, ਪੀ.ਐਸ.ਟੀ.ਸੀ.ਐਲ., ਪਟਿਆਲਾ।

ਮੀਮੋ ਨੰ: 4763/70 /Rectt./SR-59/V.II
ਮਿਤੀ: 03/04/2018

ਵਿਸ਼ਾ: ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਸਪੱਸ਼ਟੀਕਰਨ ।

ਪੰਜਾਬ ਸਟੇਟ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਵੱਲੋਂ ਉਕਤ ਵਿਸ਼ੇ ਤੇ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪੀ.ਪੀ.1 ਸ਼ਾਖਾ) ਦੇ ਪੱਤਰ ਨੰਬਰ 4/40/13-3 ਪੀ.ਪੀ.1/855 (ਕਾਪੀ ਨੱਥੀ) ਰਾਹੀਂ ਜਾਰੀ ਸਪੱਸ਼ਟੀਕਰਨ ਨੂੰ ਇੰਨ-ਬਿੰਨ ਅਪਨਾਉਣ ਦਾ ਫੈਸਲਾ ਲਿਆ ਜਾਂਦਾ ਹੈ ਜੀ।
ਨੱਥੀ/ਉਕਤ ਅਨੁਸਾਰ।

ਉੱਪ:ਮੁੱਖ ਇੰਜੀ:/ ਐਚ.ਆਰ.ਅਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ

ਪਿੱਠ ਅੰਕਣ ਨੰ: 4771/76 /Rectt./SR-59/V.II ਮਿਤੀ: 03/04/2018

1. ਸੀਨੀ: ਪੀ.ਐਸ. ਟੂ ਡਾਇਰੈਕਟਰ/ਪ੍ਰਬੰਧਕੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
2. ਸੰਯੁਕਤ ਸਕੱਤਰ ਟੂ ਡਾਇਰੈਕਟਰ/ਟੈਕਨੀਕਲ, ਪੀ.ਐਸ.ਟੀ.ਸੀ.ਐਲ., ਪਟਿਆਲਾ।
3. ਸੀਨੀ: ਪੀ.ਐਸ. ਟੂ ਡਾਇਰੈਕਟਰ/ਐਫ ਤੇ ਸੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
4. ਪੀ.ਐਸ. ਟੂ ਮੁੱਖ ਇੰਜੀਨੀਅਰ/ਐਚ.ਆਈ.ਐਸ. ਤੇ ਡੀ, ਪੀ.ਐਸ.ਟੀ.ਸੀ.ਐਲ., ਪਟਿਆਲਾ।
5. ਕੰਪਨੀ ਸੈਕਟਰੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਨੂੰ ਉਨ੍ਹਾਂ ਦੇ ਗੈ:ਸ:ਪੱਤਰ ਨੰ: 479/ਬੀ.ਓ.ਡੀ/47.14 ਮਿਤੀ 26.03.2018 ਦੇ ਸਬੰਧ ਵਿਚ।
6. ਸੀਨੀ:ਕਾ:ਕਾ:ਇੰਜ/ਆਈ.ਟੀ, ਪੀ.ਐਸ.ਟੀ.ਸੀ.ਐਲ., ਪਟਿਆਲਾ ਜੀ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਪੱਤਰ ਨੂੰ ਪੀ.ਐਸ.ਟੀ.ਸੀ.ਐਲ ਦੀ ਦਫਤਰੀ ਵੈਬ ਸਾਈਟ ਤੇ ਅੱਪਲੋਡ ਕੀਤਾ ਜਾਵੇ ਜੀ।

ਨੱਥੀ/ਉਕਤ ਅਨੁਸਾਰ।

ਉੱਪ:ਮੁੱਖ ਇੰਜੀ:/ ਐਚ.ਆਰ.ਅਤੇ ਪ੍ਰਬੰਧਕੀ,
ਪੀ.ਐਸ.ਟੀ.ਸੀ.ਐਲ.,ਪਟਿਆਲਾ

ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਪੀ.ਪੀ.1 ਸ਼ਾਖਾ) ਦਾ ਪੱਤਰ ਨੰਬਰ 4/40/13-3 ਪੀ.ਪੀ.1/855, ਸਾਰੇ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ:-

ਵਿਸ਼ਾ: ਰੋਸਟਰ ਪੁਆਇੰਟ ਨੂੰ ਸੀਨੀਆਰਤਾ ਪੁਆਇੰਟ ਨਾ ਮੰਨਣ ਬਾਰੇ ਸਪੱਸ਼ਟੀਕਰਨ।

ਸ੍ਰੀਮਾਨ ਜੀ/ ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਮੈਨੂੰ ਆਪਦਾ ਧਿਆਨ ਰਾਜ ਸਰਕਾਰ ਦੇ ਗਸ਼ਤੀ ਪੱਤਰ ਨੰ: 3/34/99-3ਪੀ.ਪੀ.1/12565, ਮਿਤੀ 22 ਅਕਤੂਬਰ, 1999 ਅਤੇ ਪੱਤਰ ਨੰ: 8/3/2K-3ਪੀ.ਪੀ.1/13052, ਮਿਤੀ 23 ਅਕਤੂਬਰ, 2000 ਵੱਲ ਦਿਵਾਉਣ ਅਤੇ ਲਿਖਣ ਦੀ ਹਦਾਇਤ ਹੋਈ ਹੈ ਕਿ ਪ੍ਰਸੋਨਲ ਵਿਭਾਗ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਸਾਰੇ ਵਿਭਾਗਾਂ ਵੱਲੋਂ ਸੁਚਾਰੂ ਢੰਗ ਨਾਲ ਪਾਲਣਾ ਨਹੀਂ ਕੀਤੀ ਜਾ ਰਹੀ ਹੈ।

2. ਭਲਾਈ ਵਿਭਾਗ ਵੱਲੋਂ ਗਸ਼ਤੀ ਪੱਤਰ ਨੰ: 7191 - ਓ.ਐਸ.ਡੀ. (ਡਬਲਯੂ) - 69/18194, ਮਿਤੀ 19/7/1969 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਰੋਸਟਰ ਨੁਕਤੇ ਨੂੰ ਸੀਨੀਆਰਤਾ ਨੁਕਤਾ ਮੰਨਿਆ ਜਾਂਦਾ ਸੀ। ਇਸ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਦੀ ਸੰਵਿਧਾਨਿਕ ਬੈਂਚ ਦੇ ਆਈ.ਏ.ਨੰ:1-3 ਇਨ 3792-94 ਆਫ 1989 - ਅਜੀਤ ਸਿੰਘ ਜੰਜੂਆ ਬਨਾਮ ਪੰਜਾਬ ਸਰਕਾਰ ਦੇ ਕੇਸ ਵਿਚ ਫੈਸਲੇ ਮਿਤੀ 16/9/1999 ਅਨੁਸਾਰ ਭਲਾਈ ਵਿਭਾਗ ਦੀਆਂ ਉਕਤ ਹਦਾਇਤਾਂ ਮਿਤੀ 19/7/1969 ਨੂੰ ਅਯੋਗ ਕਰਾਰ ਦਿੱਤਾ ਗਿਆ ਸੀ। ਇਸ ਲਈ ਰਾਜ ਸਰਕਾਰ ਦੀਆਂ ਮਿਤੀ 19/7/1969 ਦੀਆਂ ਹਦਾਇਤਾਂ ਪ੍ਰਸੋਨਲ ਵਿਭਾਗ ਦੇ ਹਵਾਲਾ ਅਧੀਨ ਪੱਤਰ ਮਿਤੀ 22/10/1999 ਰਾਹੀਂ ਵਾਪਿਸ ਲੈ ਲਈਆਂ ਗਈਆਂ ਸਨ।

3. ਉਕਤ ਤੋਂ ਇਲਾਵਾ ਰਿੱਟ ਪਟੀਸ਼ਨ ਨੰ: 79 ਆਫ 1979 - ਆਰ.ਕੇ.ਸਭਰਵਾਲ ਬਨਾਮ ਪੰਜਾਬ ਸਰਕਾਰ ਦੇ ਕੇਸ ਵਿਚ ਵੀ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਮਿਤੀ 10/2/1995 ਪ੍ਰਾਪਤ ਹੋਇਆ ਸੀ, ਜਿਸ ਅਨੁਸਾਰ ਰਨਿੰਗ ਰੋਸਟਰ ਕੇਵਲ ਉਦੋਂ ਤੱਕ ਹੀ ਚਲੇਗਾ ਜਦੋਂ ਤੱਕ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਕੋਟਾ ਪੂਰਾ ਨਹੀਂ ਹੋ ਜਾਂਦਾ।ਜਦੋਂ ਕੋਟਾ ਪੂਰਾ ਹੋ ਜਾਵੇ ਤਾਂ ਉਸ ਉਪਰੰਤ ਪੋਸਟ ਵੇਸਟ ਰੋਸਟਰ ਸਿਸਟਮ ਲਾਗੂ ਕੀਤਾ ਜਾਵੇ।

4. ਮਾਮਲੇ ਬਾਰੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਐਕਟ, 2006 ਦੇ ਸੈਕਸ਼ਨ 4(6) ਅਧੀਨ ਵੀ ਹੇਠ ਅਨੁਸਾਰ ਉਪਬੰਧ ਕੀਤੇ ਗਏ ਹਨ:-

"Reservation shall be implemented by reserving vacancies by means of a running roster, as may be prescribed **till the percentage of reservation as specified in sub section (2), (3) and (4) are completed**."

ਇਸ ਤਰ੍ਹਾਂ ਰਾਖਵੇਂਕਰਨ ਦੀ ਨੀਤੀ ਤਹਿਤ ਰਨਿੰਗ ਰੋਸਟਰ ਕੇਵਲ ਉਦੋਂ ਤੱਕ ਹੀ ਚਲਦਾ ਹੈ ਜਦੋਂ ਤੱਕ ਰਾਖਵੀਆਂ ਸ੍ਰੇਣੀਆਂ ਦੀ ਪ੍ਰਤੀਨਿਧਤਾ ਪੂਰੀ ਨਹੀਂ ਹੁੰਦੀ।

5. ਉਕਤ ਤੋਂ ਇਲਾਵਾ ਪੰਜਾਬ ਸਿਵਿਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ, 1994 ਦੇ ਨਿਯਮ 8 ਅਧੀਨ ਸਿੱਧੀ ਭਰਤੀ ਉਪਰੰਤ ਕੇਵਲ ਸਿਲੈਕਸ਼ਨ ਸਮੇਂ ਤਿਆਰ ਕੀਤੀ ਗਈ ਮੈਰਿਟ ਦੇ ਆਧਾਰ ਤੇ ਹੀ ਸੀਨੀਆਰਤਾ ਨਿਸ਼ਚਿਤ ਕਰਨ ਬਾਰੇ ਉਪਬੰਧ ਕੀਤੇ ਗਏ ਹਨ।

6. ਮਾਮਲੇ ਬਾਰੇ ਭਾਰਤ ਸਰਕਾਰ ਵੱਲੋਂ ਵੀ ਰਿਜਰਵੇਸ਼ਨ ਰਜਿਸਟਰਜ ਅਤੇ ਰੋਸਟਰ ਰਜਿਸਟਰਜ ਬਾਰੇ ਹਦਾਇਤਾਂ ਦੇ ਚੈਪਟਰ-5 ਦੇ ਪੈਰ੍ਹਾ/5.3 ਹੇਠ ਨੋਟ ਅਧੀਨ ਹੇਠ ਅਨੁਸਾਰ ਉਪਬੰਧ ਕੀਤੇ ਗਏ ਹਨ:-

"Reservation registers / roster registers are only an aid to ensure that Scheduled Castes, Scheduled Tribes and Other Backward Classes get quota reserved for them. These register/roster registers do not determine seniority."

7. ਉਕਤ ਅਨੁਸਾਰ ਦਰਸਾਈ ਗਈ ਸਥਿਤੀ ਵਿਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਰਾਖਵੇਂਕਰਨ ਦੀ ਨੀਤੀ ਤਹਿਤ ਤਿਆਰ ਕੀਤੇ ਜਾਂਦੇ ਰੋਸਟਰ ਰਜਿਸਟਰ ਦਾ ਮਕਸਦ ਕੇਵਲ ਰਾਖਵੀਂਆਂ ਸ੍ਰੇਣੀਆਂ ਨੂੰ ਯੋਗ ਕੋਟਾ ਦੇਣ ਨਾਲ ਹੈ। ਇਨ੍ਹਾਂ ਰੋਸਟਰ ਨੁਕਤਿਆਂ ਦੇ ਆਧਾਰ ਤੇ ਸੀਨੀਆਰਤਾ ਦਾ ਲਾਭ ਮਿਲਣਯੋਗ ਨਹੀਂ ਹੈ।

ਇਨ੍ਹਾਂ ਹਦਾਇਤਾ ਦੀ ਇੰਨ-ਬਿੰਨ੍ਹ ਯਕੀਨੀ ਬਣਾਈ ਜਾਵੇ।

ਸਹੀ/-

ਅਧੀਨ ਸਕੱਤਰ ਪ੍ਰਸੋਨਲ